# ਸਾਈਂ ਵੇ ਸਾਡੀ ਫ਼ਰਿਯਾਦ ਤੇਰੇ ਤਾਈਂ

( ਕੋਈ ਅਲੀ ਆਖੇ, ਕੋਈ ਵਲੀ ਆਖੇ,
ਕੋਈ ਕਹੇ ਦਾਤਾ, ਸੱਚੇ ਮਾਲਕਾਂ ਨੂੰ ।
ਮੈਨੂੰ ਸਮਝ, ਨਾ ਆਵੇ,,, ਕੀ ਨਾਮ ਦੇਵਾਂ,
ਇਸ, ਗੋਲ ਚੱਕੀ ਦਿਆਂ, ਚਾਲਕਾਂ ਨੂੰ ।

ਰੂਹ ਦਾ ਅਸਲ, ਮਾਲਕ, ਓਹੀ ਮੰਨੀਏ ਜੀ,
*ਜੀਹਦਾ, ਨਾਮ ਲਈਏ, ਤਾਂ ਸਰੂਰ ਹੋਵੇ ।
ਅੱਖਾਂ ਖੁੱਲੀਆਂ ਨੂੰ, ਮਹਿਬੂਬ ਦਿੱਸੇ,,, ਹਾਏ!
ਅੱਖਾਂ, ਬੰਦ ਹੋਵਣ ਤਾਂ, ਹਜ਼ੂਰ ਹੋਵੇ ।

ਕੋਈ ਸੌਣ ਵੇਲੇ, ਕੋਈ ਨਹਾਉਣ ਵੇਲੇ*,
*ਕੋਈ ਗਾਉਣ ਵੇਲੇ, ਤੈਨੂੰ ਯਾਦ ਕਰਦਾ ।
ਇੱਕ ਨਜ਼ਰ, ਤੂੰ ਮੇਹਰ ਦੀ, ਮਾਰ ਸਾਈਂ,
ਸਰਤਾਜ/ਭਗਤ ਵੀ ਖੜ੍ਹਾ, ਫ਼ਰਿਆਦ ਕਰਦਾ ॥ )

ਸਾਈਂ, ਵੇ ਸਾਡੀ, ਫ਼ਰਿਆਦ ਤੇਰੇ ਤਾਈਂ ।
ਸਾਈਂ, ਵੇ ਬਾਂਹੋਂ ਫੜ੍ਹ, ਬੇੜਾ ਬੰਨ੍ਹੇ ਲਾਈਂ ।
*ਸਾਈਂ, ਵੇ ਮੇਰਿਆਂ, ਗੁਨਾਹਾਂ ਨੂੰ ਲੁਕਾਈਂ ।
*ਸਾਈਂ, ਵੇ ਹਾਜ਼ਰਾ, ਹਜ਼ੂਰ ਵੇ ਤੂੰ ਆਈਂ ॥

*ਸਾਈਂ, ਵੇ ਫੇਰਾ, ਮਸਕੀਨਾਂ ਵੱਲ ਪਾਈਂ ।
*ਸਾਈਂ, ਵੇ ਬੋਲ ਕੱਖ, ਸਾਰਾਂ ਦੇ ਪੁਗਾਈਂ ।
*ਸਾਈਂ, ਵੇ ਹੱਕ ਵਿੱਚ, ਫੈਸਲੇ ਸੁਣਾਈਂ,
*ਸਾਈਂ, ਵੇ ਹੌਲੀ ਹੌਲੀ, ਖ਼ਾਮੀਆਂ ਘਟਾਈਂ ।

*ਸਾਈਂ, ਵੇ ਮੈਂ ਨੂੰ ਮੇਰੇ, ਅੰਦਰੋਂ ਮੁਕਾਈਂ,
*ਸਾਈਂ, ਜੇ ਡਿੱਗੀਏ ਤਾਂ, ਫੜ੍ਹ ਕੇ ਉਠਾਈਂ ।
ਸਾਈਂ, ਵੇ ਦੇਖੀ ਨਾ, ਭਰੋਸੇ ਅਜ਼ਮਾਈਂ ।
ਸਾਈਂ, ਵੇ ਔਖੇ ਸੌਖੇ, ਰਾਹਾਂ 'ਚੋਂ ਕਢਾਈਂ ।

ਓ ਸਾਈਂ,,,* ਵੇ ਕਲਾ ਨੂੰ ਵੀ, ਹੋਰ,,, ਚਮਕਾਈਂ* ।
ਸਾਈਂ,,,* ਵੇ ਸੁਰਾਂ ਨੂੰ ਬਿਠਾ ਦੇ, ਥਾਓਂ ਥਾਂਈਂ* ।
ਸਾਈਂ, ਵੇ ਤਾਲ ਵਿੱਚ, ਤੁਰਨਾ ਸਿਖਾਈਂ ।
ਸਾਈਂ, ਵੇ ਸਾਜ਼, ਰੁੱਸ ਗਏ ਤਾਂ ਮਨਾਈਂ ।

ਸਾਈਂ, ਵੇ ਏਹਨਾਂ ਨਾਲ, ਆਵਾਜ਼ ਵੀ ਰਲਾਈਂ ।
ਸਾਈਂ, ਵੇ ਅੱਖਰਾਂ ਦਾ, ਮੇਲ ਤੂੰ ਕਰਾਈਂ ।
ਸਾਈਂ, ਵੇ ਕੰਨੀ ਕਿਸੇ, ਗੀਤ ਦੀ ਫੜ੍ਹਾਈਂ ।
ਸਾਈਂ, ਵੇ ਸ਼ਬਦਾਂ ਦਾ, ਸਾਥ ਵੀ ਨਿਭਾਈਂ ।

ਸਾਈਂ, ਵੇ ਨਗਮੇ ਨੂੰ, ਫੜ੍ਹਕੇ ਜਗਾਈਂ ।
*ਸਾਈਂ, ਵੇ ਸ਼ਾਇਰੀ 'ਚ, ਅਸਰ ਦਿਖਾਈਂ ।

*ਸਾਈਂ, ਵੇ ਜ਼ਜ਼ਬੇ ਦੀ, ਵੇਲ ਨੂੰ ਵਧਾਈਂ।
*ਸਾਈਂ, ਵੇ ਘੁੱਟ ਘੁੱਟ ਸਭ ਨੂੰ ਪਿਲਾਈਂ।

*ਸਾਈਂ, ਵੇ ਇਸ਼ਕੇ ਦਾ, ਨਸ਼ਾ ਵੀ ਚੜ੍ਹਾਈਂ।
ਸਾਈਂ, ਵੇ ਸੈਰ ਤੂੰ, ਖਿਆਲਾਂ ਨੂੰ ਕਰਾਈਂ।
ਸਾਈਂ, ਵੇ ਤਾਰਿਆਂ ਦੇ, ਦੇਸ਼ ਲੈ ਕੇ ਜਾਈਂ।
ਸਾਈਂ, ਵੇ ਸੂਫ਼ੀਆਂ ਦੇ, ਵਾਂਗਰਾਂ ਨਚਾਈਂ।

*ਸਾਈਂ, ਵੇ ਅਸੀਂ, ਸੱਜ ਬੈਠੇ ਚਾਈਂ ਚਾਈਂ।
*ਸਾਈਂ, ਵੇ ਥੋੜ੍ਹੀ ਬਹੁਤੀ, ਅਦਾ ਵੀ ਸਿਖਾਈਂ।
*ਸਾਈਂ, ਵੇ ਮੇਰੇ ਨਾਲ, ਨਾਲ ਤੂੰ ਵੀ ਗਾਈਂ।
ਸਾਈਂ, ਵੇ ਲਾਜ਼, ਸਰਤਾਜ਼ ਦੀ ਬਚਾਈਂ।

ਸਾਈਂ, ਵੇ ਭੁੱਲਿਆਂ ਨੂੰ, ਉਂਗਲੀ ਫੜ੍ਹਾਈਂ।
ਸਾਈਂ, ਵੇ ਅੱਗੇ ਹੋ ਕੇ, ਰਾਹਾਂ ਰੁਸ਼ਨਾਈਂ।
ਸਾਈਂ, ਵੇ ਹਨੇਰੀਆਂ 'ਚ, ਪੱਲੇ ਨਾ ਛੁੜਾਈਂ।
ਸਾਈਂ, ਵੇ ਜ਼ਿੰਦਗੀ ਦੇ, ਬੋਝ ਨੂੰ ਚੁਕਾਈਂ।

ਸਾਈਂ, ਵੇ ਫ਼ਿੱਕਰਾਂ ਨੂੰ, ਹਵਾ ਚ ਉੜ੍ਹਾਈਂ।
*ਸਾਈਂ, ਵੇ ਸਾਰੇ ਲੱਗੇ, ਦਾਗ ਵੀ ਧੁਆਈਂ।
*ਸਾਈਂ, ਵੇ ਸਿੱਲੇ ਸਿੱਲੇ, ਨੈਣਾਂ ਨੂੰ ਸੁਖਾਈਂ।
*ਸਾਈਂ, ਵੇ ਦਿਲਾਂ ਦੇ, ਗ਼ੁਲਾਬ ਮਹਿਕਾਈਂ।

*ਸਾਈਂ, ਵੇ ਬੱਸ ਪੱਟੀ, ਪਿਆਰ ਦੀ ਪੜ੍ਹਾਈਂ।
*ਸਾਈਂ, ਵੇ ਪਾਕ ਸਾਫ਼, ਰੂਹਾਂ ਨੂੰ ਮਿਲਾਈਂ।
*ਸਾਈਂ, ਵੇ ਬੱਚਿਆਂ ਦੇ, ਵਾਂਗੂ ਸਮਝਾਈਂ।
*ਸਾਈਂ, ਵੇ ਮਾੜ੍ਹੇ ਕੰਮੋਂ, ਘੂਰ ਕੇ ਹਟਾਈਂ।

*ਸਾਈਂ, ਵੇ ਖੋਟਿਆਂ ਨੂੰ, ਖ਼ਰੇ 'ਚ ਮਿਲਾਈਂ।
ਸਾਈਂ, ਵੇ ਲੋਹੇ ਨਾਲ, ਪਾਰਸ ਘਿਸਾਈਂ।
ਸਾਈਂ, ਵੇ ਮਿਹਨਤਾਂ ਦੇ, ਮੁੱਲ ਵੇ ਪਵਾਈਂ।
ਓ ਸਾਈਂ,,,* ਵੇ ਮਾੜ੍ਹਿਆਂ ਦੀ, ਮੰਡੀ ਨਾ ਵਿਖਾਈਂ*।
ਸਾਈਂ,,,* ਵੇ ਦੇਖੀਂ ਹੁਣ, ਦੇਰ ਨਾ ਲਗਾਈਂ*।

*ਸਾਈਂ, ਵੇ ਦਰਾਂ ਤੇ, ਖੜ੍ਹੇ ਆਂ ਖ਼ੈਰ ਪਾਈਂ।
*ਸਾਈਂ, ਵੇ ਮੇਹਰਾਂ ਵਾਲੇ, ਮੀਂਹ ਵੀ ਬਰਸਾਈਂ।
ਸਾਈਂ, ਵੇ ਅਕਲਾਂ ਦੇ, ਘੜ੍ਹੇ ਨੂੰ ਭਰਾਈਂ।
ਸਾਈਂ, ਵੇ ਗੁੰਬਦ, ਗ਼ਰੂਰ ਦੇ ਗਿਰਾਈਂ।

ਸਾਈਂ, ਵੇ ਅੱਗ ਵਾਂਗੂ, ਹੌਂਸਲੇ ਪਕਾਈਂ।
ਸਾਈਂ, ਵੇ ਅੰਬਰਾਂ ਤੋਂ, ਸੋਚ ਮੰਗਵਾਈਂ।
ਸਾਈਂ, ਵੇ ਆਪੇ ਆਵਾਜ਼, ਮਾਰ ਕੇ ਬੁਲਾਈਂ।
ਸਾਈਂ, ਵੇ ਹੁਣ ਸਾਨੂੰ, ਕੋਲ ਵੀ ਬਿਠਾਈਂ।

ਸਾਈਂ, ਵੇ ਆਪਣੇ ਹੀ, ਰੰਗ 'ਚ ਰੰਗਾਈਂ।

ਸਾਈਂ, ਮੈਂ ਹਰ ਵੇਲੇ, ਕਰਾਂ ਸਾਈਂ ਸਾਈਂ।
ਸਾਈਂ, ਵੇ ਤੋਤੇ ਵਾਂਗੂ, ਬੋਲ ਵੀ ਰਟਾਈਂ।
ਸਾਈਂ, ਵੇ ਆਤਮਾ ਦਾ, ਦੀਵਾ ਵੀ ਜਗਾਈਂ।

ਸਾਈਂ, ਵੇ ਅਨਹਦ, ਨਾਦ ਤੂੰ ਵਜਾਈਂ।
ਸਾਈਂ, ਰੂਹਾਨੀ ਕੋਈ, ਤਾਰ ਛੇੜ ਜਾਈਂ।
ਸਾਈਂ, ਵੇ ਸੱਚੀ, ਸਰਤਾਜ ਤੂੰ ਬਣਾਈਂ।
ਸਾਈਂ,,, ਸਾਈਂ,,, ਸਾਈਂ,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/29419/title/sai-ve-sadi-fariyaad-tere-tai

अपने Android मोबाइल पर BhajanGanga App डाउनलोड करें और भजनों का आनंद ले |